ਜਗ ਬਾਣੀ
WED. 28 June 2023

# ਦਿਖਾਵੇ ਦੇ ਸੱਭਿਆਚਾਰ ਨਾਲ ਟੁੱਟਦੇ ਰਿਸ਼ਤੇ



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਰਿਸ਼ਤੇ ਮਨੁੱਖੀ ਭਾਵਨਾਵਾਂ ਦਾ ਪ੍ਰਤੀਕ ਹੁੰਦੇ ਹਨ। ਇਕ ਪਾਸੇ ਜਿੱਥੇ ਸਾਡੇ ਜੀਵਨ 'ਚ ਕੁਝ ਰਿਸ਼ਤੇ ਖ਼ੂਨ ਦੇ ਹੁੰਦੇ ਹਨ, ਓਧਰ ਕੁਝ ਭਾਵਨਾਵਾਂ ਨਾਲ ਵੀ ਬਣੇ ਹੁੰਦੇ ਹਨ, ਜੋ ਕਦੀ-ਕਦੀ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਵੱਧ ਅਹਿਮ ਹੋ ਜਾਂਦੇ ਹਨ। ਰਿਸ਼ਤਿਆਂ ਦੇ ਬਿਨਾਂ ਮਨੁੱਖ ਦਾ ਜੀਵਨ ਅਧੂਰਾ ਹੋ ਜਾਵੇਗਾ। ਅਸਲ 'ਚ ਰਿਸ਼ਤਿਆਂ ਦਾ ਕੋਈ ਘੇਰਾ ਨਹੀਂ ਹੁੰਦਾ

ਪਰ ਅੱਜ ਸਮਾਜ 'ਚ ਮਨੁੱਖੀ ਅਤੇ ਪਰਿਵਾਰਕ ਕਦਰਾਂ-ਕੀਮਤਾਂ ਹੌਲੀ ਹੌਲੀ ਖਤਮ ਹੁੰਦੀਆਂ ਜਾ ਰਹੀਆਂ ਹਨ। ਵਧੇਰੇ ਲੋਕ ਆਪਣੇ ਸਵਾਰਥ ਲਈ ਰਿਸ਼ਤੇ ਨਿਭਾਉਂਦੇ ਹਨ, ਆਪਣੀਆਂ ਲੋੜਾਂ ਦੇ ਹਿਸਾਬ ਨਾਲ ਮਿਲਦੇ ਹਨ। ਅਮੀਰ ਰਿਸ਼ਤੇਦਾਰਾਂ ਦਾ ਸਨਮਾਨ ਕਰਦੇ ਹਨ, ਉਨ੍ਹਾਂ ਨੂੰ ਮਿਲਣ ਨੂੰ ਕਾਹਲੇ ਰਹਿੰਦੇ ਹਨ ਜਦਕਿ ਗਰੀਬ ਰਿਸ਼ਤੇਦਾਰਾਂ ਨਾਲ ਮਿਲਣ ਤੋਂ ਕਤਰਾਉਂਦੇ ਹਨ। ਹੁਣ ਤਾਂ ਸਿਰਫ ਸਵਾਰਥ ਸਿੱਧੀ ਦੀ ਅਹਿਮੀਅਤ ਰਹਿ ਗਈ ਹੈ।



ਆਏ ਦਿਨ ਅਸੀਂ ਅਖਬਾਰਾਂ 'ਚ ਖਬਰਾਂ ਪੜ੍ਹਦੇ ਰਹਿੰਦੇ ਹਾਂ ਕਿ ਜ਼ਮੀਨ-ਜਾਇਦਾਦ, ਪੈਸੇ-ਗਹਿਣਿਆਂ ਆਦਿ ਲਈ ਲੋਕ ਘਿਨੌਣੇ ਕਾਰਜ ਕਰ ਜਾਂਦੇ ਹਨ, ਇੱਥੋਂ ਤਕ ਕਿ ਆਪਣੇ ਹੀ ਪਰਿਵਾਰ ਵਾਲਿਆਂ ਦੀ ਹੱਤਿਆ ਜਾਂ ਫਿਰ ਅਗਵਾ ਤਕ ਕਰ ਜਾਂਦੇ ਹਨ।

ਉਂਝ ਤਾਂ ਸੋਸ਼ਲ ਮੀਡੀਆ ਨੇ ਵੀ ਲੋਕਾਂ ਦੀ ਨਿੱਜੀ ਜ਼ਿੰਦਗੀ ਬਰਬਾਦ ਕਰਨ 'ਚ ਕੋਈ ਕਸਰ ਨਹੀਂ ਛੱਡੀ ਕਿਉਂਕਿ ਉੱਥੇ ਸਭ ਕੁਝ ਹਕੀਕਤ ਤੋਂ ਕੋਹਾਂ ਦੂਰ ਹੁੰਦਾ ਹੈ, ਜਿਸ ਕਾਰਨ ਡਿਜੀਟਲ ਦੁਨੀਆ ਅਕਸਰ ਰੀਅਲ ਲਾਈਫ ਨਾਲ ਮੇਲ ਨਹੀਂ ਖਾਂਦੀ। ਘਰ 'ਚ ਰਹੀਏ ਤਾਂ ਲੈਪਟਾਪ 'ਤੇ, ਬਾਹਰ ਨਿਕਲੀਏ ਤਾਂ ਮੋਬਾਈਲ 'ਤੇ ਉਂਗਲੀਆਂ ਚੱਲਦੀਆਂ ਹੀ ਰਹਿੰਦੀਆਂ ਹਨ। ਦਿਖਾਵੇ ਦੇ ਇਸ ਬਾਜ਼ਾਰ 'ਚ ਹਰ ਦੂਜਾ ਵਿਅਕਤੀ ਡਿਜੀਟਲ ਅਤੇ ਰੀਅਲ ਪਰਸਨੈਲਿਟੀ ਵਿਚਾਲੇ ਉਲਝਿਆ ਹੋਇਆ ਹੈ।

ਅੱਜ ਦੇ ਦੌਰ 'ਚ ਅਸੀਂ ਸੋਸ਼ਲ ਮੀਡੀਆ ਨੂੰ ਪਸੰਦ ਜਾਂ ਨਾਪਸੰਦ ਤਾਂ ਕਰਦੇ ਹਾਂ ਪਰ ਨਜ਼ਰਅੰਦਾਜ਼ ਨਹੀਂ ਕਰਦੇ। ਸੋਸ਼ਲ ਸਾਈਟਸ ਦੇ ਪ੍ਰਤੀ ਲੋਕਾਂ ਦੀ ਵਧਦੀ ਐਡਿਕਸ਼ਨ ਰਿਸ਼ਤੇ ਟੁੱਟਣ ਦਾ ਕਾਰਨ ਬਣ ਰਹੀ ਹੈ। ਅੱਜਕਲ ਲੋਕ ਸੋਸ਼ਲ ਲਾਈਫ ਨੂੰ ਰੀਅਲ ਲਾਈਫ ਸਮਝਣ ਲੱਗੇ ਹਨ। ਅਜਿਹੇ 'ਚ ਲੋਕ ਆਨਲਾਈਨ ਦੁਨੀਆ 'ਚ ਮੇਲ-ਜੋਲ ਵਧਾਉਣ ਲਈ ਨਿੱਜੀ ਰਿਸ਼ਤਿਆਂ ਨੂੰ ਦਾਅ 'ਤੇ ਲਾ ਦਿੰਦੇ ਹਨ। ਰੀਅਲ ਪਰਸਨੈਲਿਟੀ ਤੋਂ ਦੂਰ ਹੋ ਕੇ ਬਨਾਵਟੀ ਦੁਨੀਆ ਦਾ ਹਿੱਸਾ ਬਣ ਰਹੇ ਹਾਂ, ਜਦਕਿ ਉਸ ਬਨਾਵਟੀ ਦੁਨੀਆ 'ਚ ਸਾਡੀ ਸੋਚ, ਸਾਡੀ ਮਾਨਸਿਕਤਾ ਅਤੇ ਪਰਸਨੈਲਿਟੀ ਸਾਡੀ ਰੀਅਲ ਪਰਸਨੈਲਿਟੀ ਤੋਂ ਇਕਦਮ ਵੱਖ ਹੁੰਦੀ ਹੈ।

ਮੌਜੂਦਾ ਸਮੇਂ 'ਚ ਅਡੰਬਰ, ਦਿਖਾਵਾ, ਪਾਖੰਡ ਅਤੇ ਬਾਹਰੀ ਸ਼ਾਨੋ-ਸ਼ੌਕਤ ਇਸ ਤਰ੍ਹਾਂ ਹਾਵੀ ਹੋ ਰਹੇ ਹਨ ਕਿ ਸਾਰੇ ਇਸ ਦੇ ਸ਼ਿਕਾਰ ਹੋ ਰਹੇ ਹਨ। ਕਿਸੇ ਨੂੰ 5 ਰੁਪਏ ਦਿੰਦੇ ਸਮੇਂ 500 ਰੁਪਏ ਦਾ ਨੋਟ ਕੱਢ ਕੇ ਲੋਕਾਂ ਨੂੰ ਦਿਖਾਉਣਾ ਅਜਿਹੇ ਲੋਕਾਂ ਦੀ ਫਿਤਰਤ ਹੈ। ਵਧੇਰੇ ਸਮਾਜਿਕ ਸਮਾਰੋਹ, ਭਾਵੇਂ ਉਹ ਧਾਰਮਿਕ ਹੋਣ ਜਾਂ ਰਵਾਇਤੀ, ਸਾਰੇ ਧਨਾਢਾਂ ਦੀ ਗ੍ਰਿਫਤ 'ਚ ਹਨ। ਸਾਰੇ ਪਾਸੇ ਪੈਸੇ ਵਾਲਿਆਂ ਅਤੇ ਉਸ ਨਾਲ ਜੁੜੇ ਆਗੂਆਂ ਦਾ ਹੀ ਬੋਲਬਾਲਾ ਹੈ। ਹੁਣ ਅਜਿਹੀ ਬਨਾਵਟੀ ਜ਼ਿੰਦਗੀ 'ਚ ਲੋਕਾਂ ਕੋਲ ਸਮਾਂ ਬਹੁਤ ਘੱਟ ਹੈ ਜਿਸ ਕਾਰਨ ਰਿਸ਼ਤਿਆਂ ਦਾ ਮਤਲਬ ਹੀ ਬਦਲਦਾ ਜਾ ਰਿਹਾ ਹੈ। ਲੋਕ ਅੱਜਕਲ ਆਪਣੇ ਆਪ 'ਚ ਇੰਨੇ ਮਸ਼ਗੂਲ ਰਹਿੰਦੇ ਹਨ ਕਿ ਉਨ੍ਹਾਂ ਨੂੰ ਆਲੇ-ਦੁਆਲੇ ਆਪਣੀਆਂ ਨਿੱਜੀ ਜਾਂ ਸਮਾਜਿਕ ਜ਼ਿੰਮੇਵਾਰੀਆਂ ਤਕ ਦਾ ਅਹਿਸਾਸ ਨਹੀਂ ਰਹਿੰਦਾ।

ਰਿਸ਼ਤਿਆਂ 'ਚ ਸੁਹਿਰਦਤਾ ਲਿਆਉਣ ਲਈ ਜ਼ਰੂਰੀ ਹੈ ਕਿ ਇਕ-ਦੂਜੇ ਦੀਆਂ ਲੋੜਾਂ ਨੂੰ ਸਮਝਿਆ ਜਾਵੇ। ਕਦੀ-ਕਦੀ ਕੁਝ ਕਾਰਨਾਂ ਨਾਲ ਪਰਿਵਾਰ ਜਾਂ ਸਮਾਜ 'ਚੋਂ ਕਿਸੇ ਇਕ ਨੂੰ ਲੱਗਣ ਲੱਗਦਾ ਹੈ ਕਿ ਦੂਜਾ ਉਸ ਨੂੰ ਨਜ਼ਰਅੰਦਾਜ਼ ਕਰ ਰਿਹਾ ਹੈ, ਇਸ ਲਈ ਜ਼ਰੂਰੀ ਹੈ ਕਿ ਅਜਿਹੀਆਂ ਭਾਵਨਾਵਾਂ ਨੂੰ ਪੈਦਾ ਨਾ ਹੋਣ ਦਿਓ। ਜੇ ਅਸੀਂ ਆਪਣਿਆਂ ਦੀਆਂ ਇੱਛਾਵਾਂ ਦੀ ਕਦਰ ਕਰਾਂਗੇ ਤਾਂ ਸਾਡੇ ਆਪਸੀ ਰਿਸ਼ਤਿਆਂ ਦੀ ਡੋਰ ਹੋਰ ਵੀ ਮਜ਼ਬੂਤ ਹੋਵੇਗੀ। ਕਿਸੇ ਵੀ ਰਿਸ਼ਤੇ ਦਾ ਮਜ਼ਬੂਤ ਆਧਾਰ ਯਕੀਨ ਹੁੰਦਾ ਹੈ। ਜੇ ਤੁਹਾਡੀ ਆਪਣੇ ਪਰਿਵਾਰਕ ਮੈਂਬਰਾਂ ਜਾਂ ਸਮਾਜ 'ਚ ਕਿਸੇ ਮੈਂਬਰ ਨਾਲ ਚੰਗੀ ਨਹੀਂ ਬਣ ਰਹੀ ਤਾਂ ਕਿਤੇ ਨਾ ਕਿਤੇ ਇਸ ਦੇ ਪਿੱਛੇ ਭਰੋਸੇ ਦਾ ਘੱਟ ਹੋਣਾ ਅਤੇ ਤੁਹਾਡੀ ਬਨਾਵਟੀ ਜੀਵਨ-ਸ਼ੈਲੀ ਦਾ ਜ਼ਿਆਦਾ ਹੋਣਾ ਹੋ ਸਕਦਾ ਹੈ।

drmlsharma5@gmail.com

